18

Digitized by Panjab Digital Library | www.panjabdigilib.org

ਮ ੩੭

Digitized by Panjab Digital Library | www.panjabdigilib.org

ਸਬ ਹੱਕ ਮਹਫੂਜ਼ ਕੋਈ ਨਾ ਛਾਪੇ

੫੯ ॥ ਚੀਮ

ਛਾਪਾ ਟੈਪ ਦਾ

ਸਿਹਰਫ਼ੀ

ਕ੍ਰਿਤ

ਮਿਲਖੀ ਰਾਮ

ਜਿਸਨੂੰ

ਭਾਈ ਹਰਦਿਤਸਿੰਘ ਪੁਸਤਕਾਂਵਾਲਾ

ਬਜ਼ਾਰ ਮਾਈਸੇਵਾਂ ਸ੍ਰੀਅੰਮ੍ਰਿਤਸਰ ਜੀ ਨੇ

ਕਰਤਾ ਪਾਸੋਂ ਹੱਕ ਲੈਕੇ ਛਪਵਾਇਆ

ਸੰਨ ੧੯੦੮ ਈ: ਮਈ

ਦੂਜੀ ਵਾਰ ੨੦੦੦ ਮੁੱਲ ਪੈਸਾ

ਭਾਈ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ

ਸ੍ਰੀ ਗੁਰੁਮਤਪ੍ਰੈਸ ਅੰਮ੍ਰਿਤਸਰ ਵਿਚ ਛਪੀ

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ॥

ਅਲਫ ਏ ਮੇਰੇ ਪਾਤਸ਼ਾਹ ਮੇਰੇ ਹਰਦਮ ਤੇਰੇ ਹੀ ਨਾਮ ਦਾ ਆਸਰਾ ਏ। ਖੈਰ ਦਰਸਦਾਪਾਈਂ ਨਮਾਨਿਆਂ ਨੂੰ ਹਥ ਸਿਦਕ ਵਾਲਾ ਫੜਿਆ ਕਾਸੜਾ ਏ।ਏਹਮੁਰਾਦਦਿਲ ਦੀ ਕਿ ਹੋ ਜਾਇ ਮੇਰਾ ਤੇਰੇ ਚਰਨਾਂ ਦੀ ਖਾਕ ਵਿਚ ਵਾਸੜਾ ਏ।ਜੀਉ ਦੀਜਾਨ ਨੂੰ ਕਰੀਂ ਨਿਹਾਲਸਾਈਂ ਮਿਲਖੀ ਦਮ ਦਾ ਕੀ ਭਰਵਾਸੜਾ ਏ॥ ਬੇ ਬਾਦੇ ਸਬਾ ਆਖੀਂ ਸਜਣਾ ਨੂੰ ਪੁਛੀਂ ਬਾਤ ਨਿਹੁਲਾਕੇ ਯਾਰ ਅਖੀਆਂ। ਕਈ ਸਾਲ ਬੀਤੇ ਮੁਖ ਵੇਖਿਆਂਨੂੰ ਸਦਾ ਰਹਿੰਦੀਆਂਇਹਇੰਤ਼ਜ਼ਾਰ ਅਖੀਆਂ। ਰੋ ਰੋ ਨੀਰ ਵਹਾਂਦੀਆਂ ਲਾਲ ਹੋਈਆਂ ਮੰਗਣ ਤੁਸਾਂ ਦਾ ਇਕ ਦੀਦਾਰ ਅਖੀਆਂ।ਆਖੀਂ ਮਿਲਖੀ ਗਲੇ ਲਗਾ ਜਾਕੇ ਉਹਦੀਆਂ ਰੋਂਦੀਆਂਨੀ ਜ਼ਾਰੋਜ਼ਾਰ ਅਖੀਆਂ॥ ਤੇ ਤੜਫਦੀ ਜਾਨ ਗ਼੍ਰੀਬ ਦੀ ਏ ਇਕ ਪਲਕ ਨ ਦਿਲ ਨੂੰ ਅਰਾਮ ਆਵੇ। ਚਾਹਿ ਯਾਰਦੀਨੇ ਚਾ ਬੀਮਾਰ ਕੀਤਾ ਰਾਜ਼ੀ ਹੋਵਾਂ ਜੇ ਵੈਦ ਬਨ ਸ਼ਾਮ ਆਵੇ। ਦਿਨਰਾਤ ਬਲਕਿ ਭੁਲੇ ਪਲਕਨਾਹੀਂ ਦਮਦਮ ਯਾਦ ਪਯਾਰੇਦਾਨਾਮਆਵੇ। ਮਿਲਖੀ ਦੂਰ ਹੋਜਾਨ ਅਜ਼ਾਰ ਦਿਲਦੇ ਬਗਲ ਵਿਚ ਜੇ ਯਾਰ ਗੁਲਫਾਮ ਆਵੇ॥ ਸੇ ਸਾਬਤੀ ਦਿਲੋਂ ਯਕੀਨ ਕਰਕੇ ਮੈਨੂੰ ਆਪਣਾ ਜਾਣ ਗੁਲਾਮ ਸੋਹਣੇ। ਮੈਨੂੰ ਗਲੀ ਬਾਜ਼ਾਰ ਮੰਸਾਰ ਅੰਦਰ ਕੀਤਾ ਤੁਸਾਂ ਦੇ ਇਸ਼ਕ ਬਦਨਾਮ ਸੋਹਣੇ।ਹਰਦਮ ਤੇਰੇ ਫਰਾਕ ਵਿਚ ਜਾਨ ਤੜਫੇ ਆਉਂਦਾ

Digitized by Panjab Digital Library | www.panjabdigilib.org

ਪਲਕ ਨਾ ਦਿਲ ਨੂੰ ਅਰਾਮ ਸੋਹਣੇ । ਮਿਲਖੀ ਯਾਰ ਦੇ ਦੁਖ ਸਭ ਦੂਰ ਹੋਵਨ ਭਰਕੇ ਵਸਲਦਾ ਦੇਵੇਂ ਜੇ ਜਾਮ ਸੋਹਣੇ ॥ ਜੀਮ ਜਾਨਿਆਂ ਮੁਖ ਮਹਤਾਬ ਤੇਰਾ ਵੇਖ ੨ ਮੈ ਹੋਵਾਂ ਨਿਹਾਲ ਅਖੀਆਂ।ਅੰਗਅੰਗਸੋਹਣਾ ਤੇ ਅਦਾਸੋਹਣੀ ਸੋਹਣੇ ਸੋਹਣੀਆਂ ਹੈਨ ਕਮਾਲ ਅਖੀਆਂ। ਬਾਗ ੨ ਹੋਵੇ ਦਿਲ ਯਾਰ ਮੇਰਾ ਵੇਖਣ ਜ਼ਰਾ ਜੇ ਕਰਕੇ ਖਯਾਲ ਅਖੀਆਂ। ਮਿਲਖੀ ਯਾਰ ਕਹੇ ਤੇਰੀਆਂ ਰਬ ਸਚੇ ਇਹ ਬਨਾਈਆਂ ਹਨ ਸ਼ੌਕ ਦੇ ਨਾਲ ਅਖੀਆਂ॥ ਹੇ ਹੁਸਨ ਐਸਾ ਹੁਖੇ ਯਾਰ ਉਤੇ ਓਸਨੂੰ ਪਰੀਆਂ ਵੀ ਵੇਖ ਸ਼ਰਮਾਨ ਲਗੀਆਂ। ਐਸੀ ਯਾਰ ਦੀ ਮਸਤ ਅਵਾਜ਼ ਪਜਾਰੀ ਸੁ-ਨਕੇ ਕੋਇਲਾਂ ਹੋਨ ਹੈਰਾਨ ਲਗੀਆਂ। ਤੀਰੰਦਾਜ਼ ਭੀ ਹੋ ਪਰੇਸ਼ਾਨ ਗਏ ਨੀ ਅਖੀਂ ਯਾਰ ਜਾਂ ਤੀਰ ਚਲਾਨ ਲਗੀਆਂ। ਚਿੰਤਾ ਫਿਕਰ ਗ਼ਮ ਤਦੋਂ ਦੇ ਯਾਰ ਮਿਲਖੀ ਜਦੋਂ ਮਰੀਆਂ ਓਸਦੀਆਂ ਆਨ ਲਗੀਆਂ ॥

ਖੇ ਖ਼ਾਹਸ਼ ਮੈਨੂੰ ਤੇਰੇ ਦੇਖਣੇ ਦੀ ਜ਼ਰਾ ਮੁਖਤੋਂ ਚਾਨਾ ਨਕਾਬ ਚੰਦ ਜੀ । ਮੇਰਾ ਦਿਲ ਚਕੋਰ ਦੇ ਵਾਂਗ ਤਾਂਘੇ ਪੱਲਾ ਅਬਰ ਦਾ ਲਾਹਨਾ ਸ਼ਤਾਬ ਚੰਦ ਜੀ। ਤੁਝ ਬਿਨ ਦਿਸੇ ਅੰਧੇਰਾ ਜਹਾਨ ਮੈਨੂੰ ਲੋਕੀ ਕਹਨ ਚੜ੍ਹਿਆ ਆਫਤਾਬ ਚੰਦਜੀ।ਮਿਲਖੀ ਹੋਵੇ ਚਾਨਨ ਵ ਜਹਾਨਅੰਦਰ ਨੰਗਾ ਕਰੋ ਜੇ ਮੁਖ ਮਹਤਾਬ ਚੰਦ ਜੀ ॥ ਦਾਲ ਦਿਲਮੇਰਾ ਏਹੋ ਚਾਹੰਦਾ ਏ ਇਕ ਵੁਲਾਂਦੀਫੇਜਤਯਾਰ ਹੋਵ। ਗਿਰਦੇ

Digitized by Panjab Digital Library | www.panjabdigilib.org

ਗੁਲਾਂ ਦੀ ਖਿੜੀ ਗੁਲਜ਼ਾਰ ਹੋਵੇ ਉਤੋਂ ਬਰਸਦੇ ਸਾਵਨ ਪੁਹਾਰ ਹੋਵੇ। ਹੋਵੇ ਮਾਸ ਕਬਾਬ ਸ਼ਰਾਬ ਵਿਸਕੀ ਬਗ਼ਲ ਵਿਚ ਬੈਠਾ ਸੋਹਨਾ ਯਾਰ ਹੋਵੇ। ਮਿਲਖੀ ਯਾਰਦੇ ਵੇਂ ਰਲਕੇ ਐਸ਼ ਕਰੀਏ ਕੋਲੋਂ ਦੂਤੀਆਂ ਨੂੰ ਆਉਂਦੀ ਖਾਰ ਹੋਵੇ॥

ਜ਼ਾਲ ਜ਼ਰਾ ਨਹੀਂ ਆਉਂਦਾ ਅਰਾਮ ਦਿਲ ਨੂੰ ਐ ਦੋਸਤੋ ਉਸ ਦਿਲਦਾਰ ਬਾਝੋਂ। ਜ਼ਾਰੋ ਜ਼ਾਰ ਰੋਂਦੇ ਦੋਵੇਂ ਨੈਨ ਮੇਰੇ ਨਿਤ ਤਰਸਦੇ ਉਹਦੇ ਦੀਦਾਰ ਬਾਝੋਂ। ਦਿਨ ਰਾਤ ਬੀਤੇ ਵਿਚ ਹੌਕਿਆਂ ਦੇ ਜ਼ਰਾ ਚੈਨ ਨਹੀਂ ਆਂਵਦਾ ਯਾਰ ਬਾਝੋਂ। ਮਿਲਖੀ ਯਾਰ ਨੂੰ ਜਗ ਵੀਰਾਨ ਦਿਸੇ ਉਸ ਸੋਹਣਿਆਂ ਦੇ ਸਰਦਾਰ ਬਾਝੋਂ॥ ਰੇ ਰਾਹ ਤੇਰੇ ਉਤੇ ਪਜਾਰਿਆ ਓ ਅਸਾਂ ਆਸ਼ਕਾਂ ਪਾ ਲਈਆਂ ਝੁਗੀਆਂ ਨੇ। ਬੈਠਾ ਸ਼ੌਕ ਜੰਗਲ ਵਿਚ ਕੈਸ ਵਾਂਗੂੰ ਸਭ ਟੁਟੀਆਂ ਤਨਤੇ ਉਗੀਆਂ ਨੇ। ਹਰਦਮ ਤੇਰੇ ਹੀ ਨਾਮਦਾ ਵਿਰਦ ਕਰਦਾ ਜਿਵੇਂ ਜਿਕਰ ਕਰੇਂਦੀਆਂ ਘੁਗੀਆਂ ਨੇ। ਮਿਲਖੀ ਯਾਰ ਆਖੇ ਤੇਰੀ ਦੀਦ ਬਾਝੋਂ ਮੇਰੇ ਗੰਮ ਕਲੇਜੇਨੂੰ ਰੁਗੀਆਂਨੇ॥

ਸੀਨ ਸੋਹਣਿਆਂ ਐਸਾ ਹੁਸੀਨ ਹੈਂ ਤੂੰ ਕਰੀ ਸਿਫਤ ਨਾ ਜਾਏ ਜਬਾਨ ਵਿਚੋਂ। ਤੇਰੇ ਹੁਸਨ ਦੀ ਸੁਨਕੇ ਤਾਰੀਫ ਸੋਹਣੇ, ਯੂਸਫ ਨਸਿਆ ਸ਼ਹਿਰ ਕਨਿਆਨ ਵਿਚੋਂ। ਨਿਤ ਸੁਬਾ ਵੇਲੇ ਤੇਰੀ ਦੀਦ ਕਾਰਨ ਸੂਰਜ ਨਿਕਲਦਾ ਯਾਰ ਅਸਮਾਨ ਵਿਚੋਂ। ਮਿਲਖੀ ਕਹੇ ਐਸੀ ਸੋਹਣੀ ਸ਼ਕਲ ਤੇਰੀ ਦੇਖਣ ਆਉਨ ਪਰੀਆਂ ਪੁਸਤਾਨ ਵਿਚੋਂ॥

Digitized by Panjab Digital Library | www.panjabdigilib.org

ਸ਼ੀਨ ਸ਼ਰਮ ਖਾਂਦਾ ਛੁਪੇ ਅਬਰ ਅੰਦਰ, ਰੁਖਯਾਰਦਾ ਦੇਖੇ ਮਹਤਾਬ ਜਿਸ ਦਮ । ਮੇਰੇ ਲਾਲ ਦੀ ਭਰੇ ਤਾਜ਼ੀਮ ਪੈਹਲੇ ਨਿਕਲੇ ਸੁਭਾ ਵੇਲੇ ਆਫਤਾਬ ਜਿਸ ਦਮ। ਚਾਰ ਕੂੰਟ ਅੰਦਰ ਹੋ ਜਾਇ ਚਾਨਨ, ਸੋਹਣਾ ਮੁਖ ਤੋਂ ਲਾਹਵੇ ਨਕਾਬ ਜਿਸ ਦਾ॥। ਮਿਲਖੀ ਰੂ ਚਾਦਹਨਬੀਂ ਫੁਲਕਿਰਦੇ ਕਰੇ ਗਲ ਓ ਆਲੀਜਨਾਬਜਿਸਦਾ॥। ਸ੍ਵਾਦ ਸਬਰਤਾਂਹੀ ਦਿਲਨੂੰ ਆਂਵਦਾਏ, ਮਿਲੇ ਆਨ ਜੇਕਰ ਮੇਰਾ ਯਾਰ ਮੈਨੂੰ। ਨੀਂਦਰ ਭੁਖ ਪਿਆਸ ਸਭ ਦੂਰ ਹੋਗਈ ਜ਼ਾਲਮ ਹਿਜਰ ਨੇ ਕੀਤਾ ਲਚਾਰ ਮੈਨੂੰ। ਦੁਸ਼ਮਨ ਬਨਗਿਆਸਾਰਾਜਹਾਨ ਮੇਰਾ ਰਬਾਕਹੀ ਦਿਤਾ ਕਿਸਮਤਹਾਰਮੈਨੂੰ। ਮਿਲਖੀਯਾਰ ਸਭਸਖਤੀਆਂ ਦੂਰ ਹੋਵਨ ਇਕ ਵਾਰ ਜੇ ਦੇਵੇਂ ਦੀਦਾਰ ਮੈਨੂੰ॥ ਜ਼੍ਵਾਦ ਜ਼ਰਬ ਲਗੇ ਜਿਸਨੂੰ ਇਸ਼ਕ ਵਾਲੀ, ਹੁੰਦਾ ਓਸਤੋਂ ਕੰਮ ਤੇ ਕਾਰ ਨਾਹੀਂ। ਹਰਦਮ ਮਸਤ ਰਹ ਯਾਰ ਦੇ ਧਿਆਨ ਅੰਦਰ ਓਨੂੰ ਭਾਂਵਦਾ ਇਹ ਸੰਸਾਰ ਨਾਹੀਂ । ਜਪੇ ਨਾਮ ਪਿਆਰੇ ਦਾ ਦਿਨੇ ਰਾਤੀ ਕਰਦਾ ਕਿਸੇਦੇਨਾਲ ਗੁਫਤਾਰਨਾਹੀਂ।ਮਿਲਖੀਹਾਲਐਸਾਓਨਾਂਆਸ਼ਕਾਂਦਾਜਿਨਾਂ ਨਾਲ ਓ ਬੋਲਦਾ ਯਾਰ ਨਾਹੀਂ॥ ਤੋਇ ਤਬਹ ਹਰਦਮ ਪਰੇਸ਼ਾਨ ਰੈਂਹਦੀ ਨਾਲੇ ਤੜਫਦਾਮੁਝ ਬਿਮਾਰਦਾ ਦਿਲ। ਮੇਰੀ ਆਹ ਭੀ ਕਰਦੀ ਤਸੀਰ ਨਾਹੀਂ ਐਸਾ ਸੰਗ-ਹੋਯਾ ਸਿਤਮਗਾਰ ਦਾ ਦਿਲ। ਕੰਮ ਕਾਜ ਨਹੀਂ ਭਾਂਵਦਾ ਜ਼ਰਾ ਮੈਨੂੰ ਪਿਆ ਯਾਰ ਹੀ ਯਾਰ ਪੁਕਾਰਦਾ ਦਿਲ। ਮਿਲਖੀ

Digitized by Panjab Digital Library | www.panjabdigilib.org

ਉਸ ਪਿਆਰੇ ਦੀ ਦੀਦ ਬਾਝੋਂ ਪਰੇਸ਼ਾਨ ਰੈਹੈਂਦਾ ਬੇਕਰਾਰ ਦਾ ਦਿਲ ॥ ਜ਼ੋਏ, ਜ਼ੁਲਮ ਜਿਹਾ ਹੋਯਾ ਨਾਲ ਮੇਰੇ ਕਿਨੂੰ ਖੋਲਕੇ ਦਸਾਂ ਅਹਵਾਲ ਯਾਰੋ। ਮੇਰੇ ਯਾਰ ਨੂੰ ਮੈਥੋਂ ਜੁਦਾ ਕਰਕੇ ਕੀਤੀ ਦੂਤੀਆਂ ਖੁਸ਼ੀ ਕਮਾਲ ਯਾਰੋ। ਓਨਾਂ ਜ਼ਾਲਮਾਂ ਦੇ ਹਥ ਕੀ ਆਯਾ ਕਰਕੇ ਜ਼ੁਲਮ ਗ਼ਰੀਬ ਦੇ ਨਾਲ ਯਾਰੋ। ਮਿਲਖੀ ਯਾਰ ਜਿਨਾਂ ਮੈਥੋਂ ਜੁਦਾ ਕੀਤਾ ਹੋਏ ਉਨਾਂਦਾ ਵੀ ਬੁਰਾ ਹਾਲ ਯਾਰੋ ॥ ਐਨ ਅਰਜ਼ ਕਰਨਾ ਹਥ ਜੋੜਕੇ ਤੇ ਇਕਵਾਰ ਤਾਂ ਮੁਖੋਂ ਬੁਲਾ ਹਸਕੇ। ਮੁਝ ਗ਼ਰੀਬ ਤੇ ਕਰੀਂ ਅਹਸਾਨ ਪਜ਼ਾਰੇ ਮਿਹਰਬਾਨ ਹੋਕੇ ਗਲੇ ਲਾ ਹਸਕੇ। ਅਗ ਤੇਰੇ ਫਰਾਕ ਦੀ ਬਲ ਸੀਨੇ ਪਾਨੀ ਵਸਲ ਦਾ ਪਾ ਬੁਝਾ ਹਸਕੇ। ਮਿਲਖੀ ਮੁਦਤਾਂ ਦਾ ਪਿਆ ਤਰਸਦਾ ਏ ਹੁਨ ਤਾਂ ਸਜਨਾ ਆਸ ਪੁਜਾ ਹਸਕੇ ॥

ਗ਼ੈਨ ਗਮਾ ਨੇ ਜਾਨ ਜ਼ਹੀਰ ਕੀਤੀ ਦਿਤਾ ਖੂਨ ਸੁਕਾ ਸਰੀਰ ਅੰਦਰੋਂ। ਲਗਾ ਤੀਰ ਜੁਦਾਈ ਦਾ ਵਿਚ ਸੀਨੇ ਗਿਆ ਜਿਗਰ ਗਰੀਬ ਦਾ ਚੀਰ ਅੰਦਰੋਂ। ਓਹਦੇ ਹਿਜਰ ਕੰਬਖਤ ਬੇਪੀਰ ਜ਼ਾਲਮ ਕੀਤਾ ਰੂਹ ਮਰ ਦਾ ਦਿਲਗੀਰ ਅੰਦਰੋਂ। ਮਿਲਖੀ ਵੇਖ ਰੁਤਬਾ ਇਨਾਂ ਸੋਹਣਿਆਂ ਦਾ ਕਰਦੇ ਦਿਲ ਕਾਬੂ ਬੇ ਜ਼ੰਜ਼ੀਰ ਅੰਦਰੋਂ ॥ ਫੇ ਫੌਜ ਗਮਾਂ ਵਾਲੀ ਵਾਹ ਕਿਸਮਤ ਆਈ ਮੁਝ ਗਰੀਬ ਤੇ ਧਾਈ ਕਰਕੇ। ਉਸ ਰੋਜ਼ ਦਾ ਮੈਂ ਪਰਸ਼ਾਨ ਰਹਿੰਦਾ ਜਦ ਦਾ ਦਿਲਬਰ ਗਿਆ ਜੁਦਾਈ ਕਰਕੇ। ਦੀਦ ਯਾਰ ਬਾਝੋਂ

Digitized by Panjab Digital Library | www.panjabdigilib.org

ਦਿਲ ਫਕੀਰ ਹੋਯਾ ਦਰ ਦਰ ਮੰਗਦਾ ਫਿਰਾਂ ਗਦਾਈ ਕਰਕੇ। ਮਿਲਖੀ ਕੌਨਆਖੇ ਬੇਪਰਵਾਹ ਦਿਲਬਰ ਆਕੇ ਬਾਤ ਨਹੀਂ ਕਰਦਾ ਰਸਾਈ ਕਰਕੇ॥ ਕਾਫ ਕਿਸਮਤਾਂ ਵਾਲੇ ਜੋ ਹੈਨ ਬੰਦੇ ਉਹ ਵਸਲ ਦੀ ਐਸ਼ ਉਡਾਨਰਾਤੀ। ਸੋਹਣੀ ਫੁਲਾਂ ਦੀ ਛੇਜ ਵਛਾ ਕੇ ਤੇ ਸੋਹਣੇ ਯਾਰ ਨੂੰ ਗਲੇ ਲਗਾਨ ਰਾਤੀ। ਆਸ਼ਕ ਇਕ ਪਯਾਰੇ ਦੇ ਨਾਮ ਉਤੋਂ ਕਰਦੇ ਜਾਨ ਤੇ ਮਾਲ ਕੁਰਬਾਨ ਰਾਤੀ। ਮਿਲਖੀ ਜਹੇ ਬਦ ਕਿਸਮਤ ਇਹ ਦੀਦ ਬਾਝੋਂ ਰੋ ਰੋ ਕੇ ਹੋਨ ਹੈਰਾਨ ਰਾਤੀ॥ ਲਾਮ ਲਾਲ ਰਖਸਾਰ ਦੋ ਯਾਰ ਦੇ ਨੀ ਮਸਤ ਅਖੀਆਂ ਖੂਬ ਬਹਾਰ ਬਧੀ। ਲਾਲ ਲਬਾਂ ਤੋਂ ਲਾਲ ਕੁਰਬਾਨ ਹੋਵਨ ਮਿਸਲ ਮੋਤੀਆਂ ਦੰਦਾਂ ਕਤਾਰ ਬਧੀ। ਤਨ ਤੇ ਲਾਲ ਪੌਸ਼ਾਕ ਦਿਲਦਾਰ ਪਹਿਨੀ ਲਕ ਲਾਲ ਪੇਟੀ ਮਜ਼ੇਦਾਰ ਬੱਧੀ। ਮਿਲਖੀ ਯਾਰ ਦੇ ਖੂਨ ਦੇ ਨਾਲ ਰੰਗ ਕੇ ਸਿਰ ਤੇ ਯਾਰ ਨੇ ਲਾਲ ਦਸਤਾਰ ਬਧੀ॥ ਮੀਮ ਮੁਦਤਾਂ ਦੇ ਬਾਦ ਯਾਰ ਮਿਲਿਆ ਮੈਂ ਬੁਲਾਯਾ ਤੇ ਹਸ ਕੇ ਗਾਲੀਆਂ ਦੇ। ਆਖੇ ਛੋੜ ਰਸਤਾ ਕੰਬਖਤ ਮੇਰਾ ਜਾਨਾ ਦੂਰ ਹੈ ਕੰਮਹਨ ਕਾਲ੍ਹੀਆਂ ਦੇ। ਪਿਛੇ ਹਟ ਨ ਡਿਗਦਾ ਜਾ ਉਤੇ ਅਸੀ ਵਾਕਫ ਨਹੀ ਤੁਸਾਂ ਪਲਾਲੀਆਂ ਦੇ। ਤੇਰੀ ਸ਼ਕਲ ਵਹਸ਼ੀ ਕੋਲੋਂ ਖੌਫ ਆਵੇ ਮਿਲਖੀ ਦੂਰ ਹੋ ਜਾ ਨਾ ਵਖਾਲੀਆਂ ਦੇ॥

ਨੂਨ ਨਿਗ੍ਹਾ ਗੋਲੀ ਮਾਰੀ ਆਸ਼ਕਾਂ ਨੂੰ ਚਸ਼ਮਾਂ ਤੇਰੀਆਂ

Digitized by Panjab Digital Library | www.panjabdigilib.org

ਯਾਰ ਦੇ ਨਾਲੀਆਂਨੀ। ਬਿਨਾਂ ਰੀਬੜਿਆਂ ਡੰਗ ਚਲਾਨ ਜ਼ਾਲਮ ਜ਼ੁਲਫਾਂ ਨਾਗਨਾਂ ਛੇੜੀਆਂ ਪਾਲੀਆਂਨੀ। ਬੋਸੇ ਗੈਰਾਂ ਨੂੰ ਦੇਵਨਾਈ ਹਸਕੇ ਤੇ ਸਾਡੇ ਵਾਸਤੇ ਰਖੀਆਂ ਗਾ-ਲੀਆਂਨੀ। ਝਿੜਕਾਂ ਦੇਣੀਆਂ ਮਿਲਖੀ ਗਰੀਬ ਤਾਈਂ ਕਿਸੇ ਜ਼ਾਲਮ ਨੇ ਤੈਨੂੰ ਸਖਾਲੀਆਂਨੀ॥

ਵਾਉ ਵਸਲ ਵਾਲਾ ਪਾਣੀ ਡਾਲ ਸੋਹਣੇ ਸੀਨੇ ਅਗ ਫ਼ਰਾਕ ਦੀ ਬਲੀ ਉਤੇ। ਭੌਰ ਦਿਲ ਮੇਰਾ ਹੋਯਾ ਮਸਤ ਜਾਨੀ ਤੇਰੇ ਗੁੰਚਾ ਦਹਨਦੀ ਕਲੀ ਉਤੇ। ਪਾ ਹੁਸਨ ਦੀ ਖੈਰ ਫਕੀਰ ਤਾਂਈ ਝੁਗੀ ਪਾ ਬੈਠਾ ਤੇਰੀ ਗਲੀ ਉਤੇ। ਮਿਲਖੀ ਯਾਰ ਨੂੰ ਮਰਨ ਦਾ ਖੌਫ ਨਾਹੀਂ ਰਖੀ ਜਾਨ ਪਯਾਰਿਆ ਤਲੀ ਉਤੇ॥ ਹੋ ਹਸਕੇ ਬੋਲ ਪਿਆਰਿਆ ਓ ਗੁਸੇ ਹੋ ਨਾ ਅਸਾਂਦੇ ਨਾਲ ਜਾਨੀ। ਤੇਰੇ ਪਿਛੇ ਹੋ ਗਿਆ ਫਕੀਰ ਸੋਹਣੇ ਘਰ ਬਾਰ ਲੁਟਾਕੇ ਮਾਲ ਜਾਨੀ। ਦਿਨ ਰਾਤ ਇਕ ਪਲਕ ਨ ਭੁਲਦਾ ਏ ਦਿਲ ਨੂੰ ਤੁਸਾਂ ਦਾ ਨਿਤ ਖਯਾਲ ਜਾਨੀ। ਮਿਲਖੀ ਯਾਰ ਕਹੇ ਰਬ ਦਾ ਵਾਸਤਾਈ ਲੜ ਲਗਿਆਂ ਦੀ ਲਜ ਪਾਲ ਜਾਨੀ॥ ਲਾਮ ਲਾਈਏ ਤੇ ਤੋੜ ਨਬਾਹ ਦਈਏ ਜੇ ਵਗਾੜੀਏ ਤਾਂ ਮੁੜਕੇ ਢੋਲੀਏ ਨਾ। ਜੇ ਰੂਹ ਕਰੀਏ ਨਾਹੀਂ ਰਹਨ ਦੇਈ-ਏ ਸਚ ਕੌਲ ਕਰੀਏ ਤਾਂ ਫਿਰ ਡੋਲੀਏ ਨਾ। ਜਿਹੜਾ ਜਾਨ ਸਦਕੇ ਕਰੇ ਉਹਦੇ ਅਗੇ ਸੌਦਾ ਘਟ ਮੁਹੱਬਤ ਦਾ ਤੋਲੀਏ ਨਾ। ਮਿਲਖੀ ਜਿਸਨੂੰ ਮਨੋ ਵਿਸਾਰ ਦੇਈਏ ਮੁੜਕੇ ਹਾਲ ਓਹਦਾ ਕਦੀ ਫੋਲੀਏ ਨਾ॥ ॥ਇਤੀ॥

Digitized by Panjab Digital Library | www.panjabdigilib.org